ਨੰ:22/22/2014-3ਐਫ.ਪੀ.2/ 489

-272-

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 27-12-16

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਕੀਤੇ ਗਏ ਵਾਧੇ ਦੌਰਾਨ ਤਰਸ ਦੇ ਆਧਾਰ ਤੇ ਨੌਕਰੀ ਦੇਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ ,

ਮੈਨੂੰ ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ ਦੀ ਅਧਿਸੂਚਨਾ ਨੰ: 22/2/2012-3ਐਫ.ਪੀ.2/469 ਮਿਤੀ 08 ਅਕਤੂਬਰ, 2012 (ਜਿਸ ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1,ਭਾਗ-1 ਦੇ ਨਿਯਮ 3.26 ਨੂੰ ਸਬਸਟੀਚਿਊਟ (substitute) ਕਰਕੇ ਨਵੇਂ ਕਲਾਜ ਦਾ ਉਪਬੰਧ ਕੀਤਾ ਗਿਆ ਸੀ) ਦੇ ਸਨਮੁੱਖ ਪੱਤਰ ਨੰ:22/2/2012-3ਐਫ.ਪੀ.2/475 ਮਿਤੀ 08 ਅਕਤੂਬਰ, 2012 ਅਤੇ ਪੱਤਰ ਨੰ: 22/2/2012-3ਐਫ.ਪੀ.2/471 ਮਿਤੀ 20 ਮਤੰਬਰ, 2013 ਨੂੰ ਜਾਰੀ ਹਦਾਇਤਾਂ (ਜਿਨ੍ਹਾਂ ਰਾਹੀਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਨਵਿਰਤੀ ਉਪਰੰਤ ਉਨ੍ਹਾਂ ਦੇ ਸੇਵਾਕਾਲ ਵਿੱਚ ਕ੍ਰਮਵਾਰ ਇੱਕ-ਇੱਕ ਸਾਲ ਦਾ ਵਾਧਾ ਕੀਤਾ ਗਿਆ ਸੀ) ਵੱਲ ਦਿਵਾਇਆ ਜਾਂਦਾ ਹੈ।

2. ਇਸ ਉਪਰੰਤ ਵਿੱਤ ਵਿਭਾਗ ਵਲੋਂ ਹਦਾਇਤਾਂ ਨੰ: 22/2/2012-3ਐਫ.ਪੀ.2/152 ਮਿਤੀ 21 ਅਕਤੂਬਰ, 2014 ਜਾਰੀ ਕਰਦੇ ਹੋਏ ਇਹ ਫੈਸਲਾ ਲਿਆ ਗਿਆ ਸੀ ਕਿ ਸੇਵਾਕਾਲ ਵਿੱਚ ਵਾਧੇ ਦੌਰਾਨ ਅਧਿਕਾਰੀ/ਕਰਮਚਾਰੀ ਦੀ ਮੌਤ ਹੋ ਜਾਣ ਤੇ ਉਸ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰ ਨਹੀ ਕੀਤਾ ਜਾਵੇਗਾ।

3. ਹੁਣ ਸਰਕਾਰ ਵਲੋਂ ਰਾਜ ਸਰਕਾਰ ਦੇ ਉਹ ਅਧਿਕਾਰੀ/ ਕਰਮਚਾਰੀ ਜਿਨ੍ਹਾਂ ਵਲ ਉਪਰੋਕਤ ਹਦਾਇਤਾਂ ਅਧੀਨ 58 ਤੋ 60 ਸਾਲ ਤੱਕ (ਗਰੁੱਪ ਏ, ਬੀ, ਸੀ) ਅਤੇ 60 ਤੋਂ 62 ਸਾਲ ਤੱਕ (ਗਰੁੱਪ- ਡੀ) ਦਾ ਵਾਧਾ ਲਿਆ ਗਿਆ/ ਜਾਂਦਾ ਹੈ, ਦੀ ਸੇਵਾਕਾਲ ਵਿਚ ਵਾਧੇ ਦੇ ਸਮੇਂ ਦੌਰਾਨ ਅਚਾਨਕ ਮੌਤ ਹੋਣ ਤੇ ਉਨ੍ਹਾਂ ਦੇ ਆਸਰਿਤਾਂ ਨੂੰ ਵੀ ਮੌਜਦਾ ਤਰਸ ਦੇ ਆਧਾਰ ਤੇ ਨਿਯੁਕਤੀਆਂ ਦੀ ਪਾਲਿਸੀ ਅਨੁਸਾਰ ਤਰਸ ਦੇ ਆਧਾਰ ਤੇ ਨਿਯੁਕਤੀ ਦੇਣ ਦਾ ਫੈਸਲਾ ਲਿਆ ਗਿਆ ਹੈ। ਇਹ ਹਦਾਇਤਾਂ ਮਿਤੀ 08 ਅਕਤੂਬਰ, 2012 ਤੋਂ ਲਾਗੂ ਹੋਣਗੀਆਂ।

4. ਪ੍ਰਸੋਨਲ ਵਿਭਾਗ, ਪੰਜਾਬ ਤਰਸ ਦੇ ਆਧਾਰ ਤੇ ਨਿਯੁਕਤੀਆਂ ਨੀਤੀ ਨੰ:11/105/98-4ਪੀਪੀ2/14420 ਮਿਤੀ 21 ਨਵੰਬਰ,2002 ਦੇ ਨੋਟ- IV ਵਿੱਚ ਉਕਤ ਫੈਸਲ ਅਨੁਸਾਰ ਲੋੜੀਂਦੀ ਸੋਧ ਕਰਨ ਸਬੰਧੀ ਕਾਰਵਾਈ ਕੀਤੇ ਜਾਣ ਨੂੰ ਯਕੀਨੀ ਕਰੇਗਾ।

ਮੇਵਾ ਵਿੱਤ

ਨੰ: 3/21/16-3ਵਿਪਪਤ/ 866490/1
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

ਮਿਤੀ:ਚੰਡੀਗੜ੍ਹ: 26-10-16

ਵਿਸ਼ਾ:- ਪੈਨਸ਼ਨਰ/ਫੈਮਿਲੀ ਪੈਨਸ਼ਨਰ ਜੋ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰਕੇ ਵਿਦੇਸ਼ ਦੇ ਵਾਸਨੀਕ ਬਣ ਜਾਂਦੇ ਹਨ, ਨੂੰ ਪੈਨਸ਼ਨ/ਫੈਮਿਲੀ ਪੈਨਸ਼ਨ ਉੱਤੇ ਮਹਿੰਗਾਈ ਭੱਤਾ ਅਤੇ ਮੈਡੀਕਲ ਭੱਤਾ ਦੇਣ ਬਾਰੇ।

ਸ੍ਰੀਮਾਨ ਜੀ,

ਮੈਨੂੰ ਆਪਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਰਾਜ ਸਰਕਾਰ ਵੱਲੋਂ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:3/21/16-3ਵਿਪਪਤ/505 ਮਿਤੀ 16.9.2016 ਨੂੰ ਲਾਗੂ ਕਰਨ ਤੇ ਅਗਲੇ ਹੁਕਮਾਂ ਤੱਕ ਰੋਕ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਲਈ ਇਨ੍ਹਾਂ ਹਦਾਇਤਾਂ ਨੂੰ ਹਾਲ ਦੀ ਘੜੀ, ਪੰਜਾਬ ਰਾਜ ਵਿੱਚ ਲਾਗੂ ਨਾ ਕੀਤਾ ਜਾਵੇ।

2. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

se noted.

ਅਧੀਨ ਸਕੱਤਰ ਵਿੱਤ